Australian Government
Services Australia

# ਜੇ ਤੁਸੀਂ Coronavirus (COVID-19) ਤੋਂ ਪ੍ਰਭਾਵਿਤ ਹੋ

ਸਾਡੇ ਕੋਲ ਅਜਿਹੇ ਭੁਗਤਾਨ ਹਨ, ਜੋ ਤੁਹਾਡੀ ਮਦਦ ਕਰ ਸਕਦੇ ਹਨ, ਜੇ ਤੁਸੀਂ ਜਾਂ ਤੁਹਾਡਾ ਪਰਿਵਾਰ Coronavirus ਤੋਂ ਪ੍ਰਭਾਵਿਤ ਹੋ। ਤੁਸੀਂ ਇਹ ਜਾਂਚ ਕਰਨ ਲਈ ਸਾਡੀ ਭੁਗਤਾਨ ਗਾਈਡ ਦੀ ਵਰਤੋਂ ਕਰ ਸਕਦੇ ਹੋ, ਕਿ ਤੁਹਾਡੇ ਲਈ ਕਿਹੜਾ ਭੁਗਤਾਨ ਸਹੀ ਹੈ। **servicesaustralia.gov.au/covid19** ਉੱਤੇ ਜਾਓ।

ਤੁਸੀਂ ਜ਼ਿਆਦਾਤਰ ਭੁਗਤਾਨਾਂ ਦਾ ਦਾਅਵਾ ਔਨਲਾਈਨ ਕਰ ਸਕਦੇ ਹੋ। ਔਨਲਾਈਨ ਦਾਅਵਾ ਕਰਨ ਲਈ, ਤੁਹਾਨੂੰ Centrelink ਨਾਲ ਜੁੜੇ ਇਕ myGov ਖਾਤੇ ਦੀ ਲੋੜ ਹੈ।

ਜੇ ਤੁਹਾਡੇ ਕੋਲ myGov ਖਾਤਾ ਨਹੀਂ ਹੈ, ਤਾਂ ਇਕ ਨਵਾਂ ਬਨਾਉਣ ਲਈ **my.gov.au** ਉੱਤੇ ਜਾਓ।

ਆਪਣਾ myGov ਖਾਤਾ ਸਥਾਪਤ ਕਰਨ ਵਿੱਚ ਮਦਦ ਵਾਸਤੇ, **servicesaustralia.gov.au/mygovguides** ਉੱਤੇ ਜਾਓ

## COVID-19 Disaster Payment

ਇਹ ਉਹਨਾਂ ਲੋਕਾਂ ਦੀ ਮਦਦ ਕਰਨ ਲਈ ਭੁਗਤਾਨ ਹੈ, ਜੋ COVID-19 ਰਾਜ ਜਾਂ ਕੇਂਦਰੀ ਪ੍ਰਦੇਸ਼ ਜਨਤਕ ਸਿਹਤ ਆਦੇਸ਼ ਕਰਕੇ ਕੰਮ ਨਹੀਂ ਕਰ ਸਕਦੇ ਅਤੇ ਆਮਦਨ ਨਹੀਂ ਕਮਾ ਸਕਦੇ ਹਨ। ਇਸ ਵਿੱਚ ਤਾਲਾਬੰਦੀ, ਹੌਟਸਪੌਟ ਜਾਂ ਏਧਰ ਓਧਰ ਜਾਣ ਉਪਰ ਪਾਬੰਦੀਆਂ ਸ਼ਾਮਲ ਹੋ ਸਕਦੀਆਂ ਹਨ।

ਆਪਣੇ ਆਪ ਹੋਣ ਵਾਲੇ ਭੁਗਤਾਨ ਉਦੋਂ ਬੰਦ ਹੋ ਜਾਣਗੇ ਜਦੋਂ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ 70% ਲੋਕਾਂ ਨੂੰ COVID-19 ਵੈਕਸੀਨ ਦੀਆਂ 2 ਖੁਰਾਕਾਂ ਵਾਲੇ ਟੀਕੇ ਪੂਰੀ ਤਰ੍ਹਾਂ ਲੱਗ ਜਾਣਗੇ।

ਜੇ ਤੁਸੀਂ ਅਜੇ ਵੀ ਏਧਰ ਓਧਰ ਜਾਣ ਦੀਆਂ ਪਾਬੰਦੀਆਂ ਤੋਂ ਪ੍ਰਭਾਵਤ ਹੋ, ਤਾਂ ਤੁਹਾਨੂੰ ਭੁਗਤਾਨ ਵਾਸਤੇ ਹਰ ਹਫਤੇ ਦੁਬਾਰਾ ਅਰਜ਼ੀ ਦੇਣ ਦੀ ਲੋੜ ਪਵੇਗੀ ਤਾਂ ਜੋ ਅਸੀਂ ਜਾਣ ਸਕੀਏ ਕਿ ਤੁਸੀਂ ਯੋਗ ਰਹਿੰਦੇ ਹੋ।

ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ 80% ਪੂਰੀ ਤਰ੍ਹਾਂ ਟੀਕੇ ਲੱਗ ਜਾਣ ਤੋਂ ਬਾਅਦ, ਜੇ ਤੁਸੀਂ ਯੋਗ ਰਹਿੰਦੇ ਹੋ ਤਾਂ ਭੁਗਤਾਨ 2 ਹਫਤਿਆਂ ਦੇ ਦੌਰਾਨ ਘੱਟ ਹੋ ਜਾਵੇਗਾ।

ਤੁਹਾਨੂੰ ਕਿੰਨਾ ਭੁਗਤਾਨ ਮਿਲਦਾ ਹੈ, ਇਹ ਤੁਹਾਡੀ ਸਥਿਤੀ ਉੱਤੇ ਨਿਰਭਰ ਕਰੇਗਾ। ਦਾਅਵਾ ਕਰਨ ਤੋਂ ਪਹਿਲਾਂ, ਜਾਂਚ ਕਰੋ ਕਿ ਕੀ ਤੁਸੀਂ ਯੋਗ ਹੋ।

ਆਸਟ੍ਰੇਲੀਆ ਦੇ ਵਸਨੀਕਾਂ ਨੂੰ ਔਨਲਾਈਨ ਦਾਅਵਾ ਕਰਨਾ ਚਾਹੀਦਾ ਹੈ, ਇਹ ਸਭ ਤੋਂ ਤੇਜ਼ ਅਤੇ ਸਰਲ ਤਰੀਕਾ ਹੈ। ਕੰਮ ਵਾਲੇ (ਵਰਕਿੰਗ) ਯੋਗ ਵੀਜ਼ਾ ਧਾਰਕਾਂ ਨੂੰ Emergency information line ਨੂੰ **180 22 66** ਉੱਤੇ ਲਾਜ਼ਮੀ ਫੋਨ ਕਰਨਾ ਚਾਹੀਦਾ ਹੈ।

ਵਧੇਰੇ ਜਾਣਕਾਰੀ ਲਈ ਇੱਥੇ ਜਾਓ **servicesaustralia.gov.au/covid19disasterpayment**

## Pandemic Leave Disaster Payment

ਮਦਦ ਕਰਨ ਲਈ ਇਕ ਵਾਰੀ ਦਾ ਭੁਗਤਾਨ, ਜੇ ਤੁਸੀਂ ਇਹਨਾਂ ਕਾਰਨਾਂ ਕਰਕੇ ਆਮਦਨੀ ਨਹੀਂ ਕਮਾਉਂਦੇ ਹੋ:

- ਤੁਹਾਨੂੰ COVID-19 ਕਰਕੇ ਸਵੈ-ਇਕਾਂਤ ਵਿੱਚ ਰਹਿਣ ਜਾਂ ਕੁਆਰੰਟੀਨ ਕਰਨ ਲਈ ਕਿਹਾ ਜਾਂਦਾ ਹੈ

- ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ ਜਿਸ ਨੂੰ COVID-19 ਹੈ।

ਜੇ ਯੋਗ ਹੋ, ਤਾਂ ਤੁਹਾਨੂੰ ਹਰੇਕ 14 ਦਿਨਾਂ ਦੀ ਮਿਆਦ ਵਾਸਤੇ $1500 ਮਿਲਣਗੇ, ਜਦੋਂ ਤੁਸੀਂ ਸਵੈ- ਇਕਾਂਤ, ਕੁਆਰੰਟੀਨ ਵਿੱਚ ਰਹਿੰਦੇ ਹੋ ਜਾਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਦੇ ਹੋ ਜਿਸ ਨੂੰ COVID-19 ਹੈ।

ਵਧੇਰੇ ਜਾਣਕਾਰੀ ਲਈ **servicesaustralia.gov.au/pandemicleavedisasterpayment** ਉੱਤੇ ਜਾਓ

# ਆਮਦਨ ਸਹਾਇਤਾ ਭੁਗਤਾਨ

ਜੇ ਤੁਹਾਨੂੰ ਵਿੱਤੀ ਮਦਦ ਦੀ ਲੋੜ ਹੈ, ਤਾਂ ਤੁਸੀਂ ਆਮਦਨ ਸਹਾਇਤਾ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ, ਜਿਵੇਂ ਕਿ:

- JobSeeker Payment, ਜੇ ਤੁਸੀਂ 22 ਸਾਲ ਅਤੇ Age Pension ਵਾਲੀ ਉਮਰ ਦੇ ਵਿਚਕਾਰ ਹੋ ਅਤੇ ਕੰਮ ਲੱਭ ਰਹੇ ਹੋ
- Youth Allowance, ਜੇ ਤੁਸੀਂ 24 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਹੋ, ਅਤੇ ਕੋਈ ਵਿਦਿਆਰਥੀ ਜਾਂ ਆਸਟ੍ਰੇਲੀਆ ਦੇ ਅਪ੍ਰੈਂਟਿਸ ਹੋ, ਜਾਂ 21 ਜਾਂ ਇਸ ਤੋਂ ਘੱਟ ਉਮਰ ਦੇ ਹੋ, ਅਤੇ ਕੰਮ ਲੱਭ ਰਹੇ ਹੋ
- Parenting Payment, ਜੇ ਤੁਸੀਂ ਕਿਸੇ ਛੋਟੇ ਬੱਚੇ ਦੇ ਮੁੱਖ ਸੰਭਾਲ ਕਰਤਾ ਹੋ।

ਜੇ ਤੁਹਾਨੂੰ ਵਿੱਤੀ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਆਮਦਨ ਸਹਾਇਤਾ ਭੁਗਤਾਨ ਵਾਸਤੇ ਆਪਣੀ ਯੋਗਤਾ ਦੀ ਜਾਂਚ ਕਰ ਸਕਦੇ ਹੋ। ਇਹ ਵੇਖਣ ਲਈ ਸਾਡੀ COVID-19 ਭੁਗਤਾਨ ਗਾਈਡ ਦੀ ਵਰਤੋਂ ਕਰੋ ਕਿ ਤੁਸੀਂ ਕੀ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ।
ਵਧੇਰੇ ਜਾਣਕਾਰੀ ਲਈ **servicesaustralia.gov.au/jobseekers** ਉੱਤੇ ਜਾਓ

## Special Benefit

ਜੇ ਤੁਹਾਨੂੰ ਸਾਡੇ ਕੋਲੋਂ ਕੋਈ ਹੋਰ ਆਮਦਨ ਸਹਾਇਤਾ ਭੁਗਤਾਨ ਨਹੀਂ ਮਿਲ ਸਕਦਾ, ਅਤੇ ਤੁਹਾਨੂੰ ਵਿੱਤੀ ਤੰਗੀ ਹੈ, ਤਾਂ ਤੁਹਾਨੂੰ Special Benefit ਮਿਲ ਸਕਦਾ ਹੈ।

ਤੁਹਾਨੂੰ ਕੁਝ ਨਿਯਮਾਂ ਨੂੰ ਪੂਰਾ ਕਰਨ ਦੀ ਲੋੜ ਪਵੇਗੀ। ਵਧੇਰੇ ਜਾਣਕਾਰੀ ਲਈ **servicesaustralia.gov.au/specialbenefit** ਉੱਤੇ ਜਾਓ

## Crisis Payment—National Health Emergency

Crisis Payment ਇਕ ਵਾਰੀ ਦਾ ਭੁਗਤਾਨ ਹੈ। ਜੇ ਤੁਸੀਂ ਹੇਠ ਲਿਖੇ ਸਾਰਿਆਂ ਨੂੰ ਪੂਰਾ ਕਰਦੇ ਹੋ, ਤਾਂ ਤੁਸੀਂ Crisis Payment ਵਾਸਤੇ ਯੋਗਤਾ ਪੂਰੀ ਕਰ ਸਕਦੇ ਹੋ:

- Crisis Payment ਵਾਸਤੇ ਗੰਭੀਰ ਵਿੱਤੀ ਤੰਗੀ ਵਿੱਚ ਹੋ
- ਆਮਦਨ ਸਹਾਇਤਾ ਭੁਗਤਾਨ ਜਾਂ ABSTUDY Living Allowance ਵਾਸਤੇ ਯੋਗ ਹੋ, ਜਾਂ ਪ੍ਰਾਪਤ ਕਰ ਰਹੇ ਹੋ
- ਅਤਿਅੰਤ ਹਾਲਾਤ ਦਾ ਅਨੁਭਵ ਕਰਨਾ
- ਜਦੋਂ ਤੁਸੀਂ ਆਪਣਾ ਦਾਅਵਾ ਦਰਜ ਕਰਦੇ ਹੋ, ਤਾਂ ਆਸਟ੍ਰੇਲੀਆ ਵਿੱਚ ਹੋ
- ਤੁਸੀਂ ਜਾਂ ਕੋਈ ਅਜਿਹਾ ਵਿਅਕਤੀ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਨੂੰ COVID-19 ਕਰਕੇ ਕੁਆਰੰਟੀਨ ਜਾਂ ਸਵੈ-ਇਕਾਂਤ ਵਿੱਚ ਰਹਿਣ ਦੀ ਲੋੜ ਹੈ।

ਤੁਹਾਡੇ ਵੱਲੋਂ ਦਾਅਵਾ ਕੀਤੇ Crisis Payment ਦੀ ਕਿਸਮ ਦੇ ਆਧਾਰ 'ਤੇ ਤੁਹਾਨੂੰ ਹੋਰ ਯੋਗਤਾ ਨਿਯਮਾਂ ਨੂੰ ਵੀ ਪੂਰਾ ਕਰਨ ਦੀ ਲੋੜ ਪਵੇਗੀ। ਵਧੇਰੇ ਜਾਣਕਾਰੀ ਲਈ **servicesaustralia.gov.au/crisispayment** ਉੱਤੇ ਜਾਓ

## Child Care Subsidy and Additional Child Care Subsidy

ਜੇ ਤੁਹਾਡਾ ਬੱਚਾ COVID-19 ਕਰਕੇ ਬਾਲ-ਸੰਭਾਲ ਵਿੱਚ ਹਾਜ਼ਰ ਨਹੀਂ ਹੋ ਸਕਦਾ, ਤਾਂ ਤੁਹਾਨੂੰ ਆਪਣੀ ਬਾਲ-ਸੰਭਾਲ ਸੇਵਾ ਨਾਲ ਗੱਲ ਕਰਨੀ ਚਾਹੀਦੀ ਹੈ।

ਤੁਸੀਂ ਕਿਸੇ ਵੀ ਕਾਰਨ ਕਰਕੇ, ਹਰ ਸਾਲ ਪ੍ਰਤੀ ਬੱਚਾ 42 ਮਨਜ਼ੂਰਯੋਗ ਗੈਰ-ਹਾਜ਼ਰੀਆਂ ਲਈ Child Care Subsidy ਪ੍ਰਾਪਤ ਕਰ ਸਕਦੇ ਹੋ।

ਜੇ ਤੁਸੀਂ ਇਹੋ ਜਿਹੀ ਜਗ੍ਹਾ ਵਿੱਚ ਰਹਿੰਦੇ ਹੋ ਜੋ ਕੌਮਨਵੈਲਥ ਦੁਆਰਾ COVID-19 ਹੌਟਸਪੌਟ ਐਲਾਨੀ ਗਈ ਹੈ, ਜਾਂ ਤੁਹਾਡੇ ਬੱਚੇ ਦਾ ਸੰਭਾਲ ਕੇਂਦਰ ਇਸ ਦੇ ਅੰਦਰ ਆਉਂਦਾ ਹੈ, ਤਾਂ ਤੁਸੀਂ ਇਹਨਾਂ ਵਾਧੂ ਗੈਰ-ਹਾਜ਼ਰੀਆਂ ਤੱਕ ਪਹੁੰਚ ਕਰ ਸਕਦੇ ਹੋ। ਤੁਸੀਂ ਕੇਵਲ ਤਾਂ ਹੀ ਇਹਨਾਂ ਗੈਰ-ਹਾਜ਼ਰੀਆਂ ਤੱਕ ਪਹੁੰਚ ਕਰ ਸਕਦੇ ਹੋ, ਜੇ 7 ਦਿਨਾਂ ਤੋਂ ਵੱਧ ਸਮੇਂ ਲਈ ਕੋਈ COVID-19 ਹੌਟਸਪੌਟ ਐਲਾਨ-ਨਾਮਾ ਲਾਗੂ ਹੋਵੇ। ਤੁਹਾਨੂੰ ਆਪਣੀਆਂ 42 ਮਨਜ਼ੂਰਸ਼ੁਦਾ ਗੈਰ-ਹਾਜ਼ਰੀਆਂ ਦੀ ਲਗਾਤਾਰ ਵਰਤੋਂ ਨਹੀਂ ਕਰਨੀ ਪਵੇਗੀ। ਇਹਨਾਂ ਗੈਰ-ਹਾਜ਼ਰੀਆਂ ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ। ਜੇ ਤੁਸੀਂ ਯੋਗ ਹੋ, ਤਾਂ ਉਹ ਆਪਣੇ ਆਪ ਲਾਗੂ ਹੋ ਜਾਣਗੀਆਂ।

ਵਰਤਮਾਨ ਹੌਟਸਪੌਟਾਂ ਦੀ ਸੂਚੀ ਲਈ Department of Health ਦੀ ਵੈੱਬਸਾਈਟ ਉੱਤੇ ਜਾਓ।

## ਆਪਣੀ ਸਰਗਰਮੀ ਦੇ ਘੰਟਿਆਂ ਨੂੰ ਅੱਪਡੇਟ ਕਰਨਾ

ਹਰ ਪੰਦਰਵਾੜੇ ਤੁਹਾਨੂੰ ਮਿਲਣ ਵਾਲੀ Child Care Subsidy ਦੇ ਘੰਟਿਆਂ ਦੀ ਸੰਖਿਆ, ਤੁਹਾਡੇ ਅਤੇ ਤੁਹਾਡੇ ਸਾਥੀ ਵੱਲੋਂ ਕੀਤੀ ਜਾਂਦੀ ਸਰਗਰਮੀ ਦੇ ਘੰਟਿਆਂ ਉੱਤੇ ਨਿਰਭਰ ਕਰਦੀ ਹੈ। ਜੇ ਤੁਹਾਡੀ ਪਛਾਣ ਕੀਤੀ ਗਤੀਵਿਧੀ ਦੇ ਘੰਟਿਆਂ ਵਿੱਚ ਤਬਦੀਲੀ ਆਈ ਹੈ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਇਸਨੂੰ ਅੱਪਡੇਟ ਕਰਦੇ ਹੋ।
ਵਧੇਰੇ ਜਾਣਕਾਰੀ ਲਈ **servicesaustralia.gov.au/childcaresubsidy** ਉੱਤੇ ਜਾਓ

## Parental Leave Pay ਅਤੇ Dad and Partner Pay

Parental Leave Pay ਜਾਂ Dad and Partner Pay ਪ੍ਰਾਪਤ ਕਰਨ ਲਈ ਤੁਹਾਨੂੰ ਕਿਸੇ ਕੰਮ ਦੇ ਟੈਸਟ ਨੂੰ ਪੂਰਾ ਕਰਨ ਦੀ ਲੋੜ ਹੈ।

ਜੇ COVID-19 ਨੇ ਤੁਹਾਡੇ ਕੰਮ ਨੂੰ ਪ੍ਰਭਾਵਿਤ ਕੀਤਾ ਹੈ, ਤਾਂ ਹੋ ਸਕਦਾ ਹੈ ਤੁਹਾਨੂੰ JobKeeper Payment ਜਾਂ COVID-19 Disaster Payment ਮਿਲ ਗਿਆ ਹੋਵੇ। ਇਹ ਭੁਗਤਾਨ ਦੋਵੇਂ ਕੰਮ ਦੇ ਟੈਸਟ ਲਈ ਕੰਮ ਵਜੋਂ ਗਿਣੇ ਜਾਂਦੇ ਹਨ।

Parental Leave Pay ਬਾਰੇ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/parentalleavepayworktestexceptions** ਉੱਤੇ ਜਾਓ
Dad and Partner Pay ਬਾਰੇ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/dadpartnerpayworktestexceptions** ਉੱਤੇ ਜਾਓ

## ਅਸਥਾਈ ਵੀਜ਼ਾ ਸਬਕਲਾਸ ਧਾਰਕ

ਜੇ ਤੁਸੀਂ ਯੋਗ ਵੀਜ਼ਾ ਲੈ ਕੇ ਆਸਟ੍ਰੇਲੀਆ ਵਿੱਚ ਰਹਿ ਰਹੇ ਹੋ, ਤਾਂ ਸਾਡੇ ਕੋਲ ਤੁਹਾਡੀ ਸਹਾਇਤਾ ਕਰਨ ਲਈ ਭੁਗਤਾਨ, ਸੇਵਾਵਾਂ ਅਤੇ ਜਾਣਕਾਰੀ ਹੈ।

ਅਸਥਾਈ ਵੀਜ਼ਾ ਸਬਕਲਾਸਾਂ 060, 070, 309, 449, 785, 786, 790 ਅਤੇ 820 ਇਸ ਦੇ ਯੋਗ ਹੋ ਸਕਦੀਆਂ ਹਨ:

- Child Care Subsidy
- Crisis Payment
- Dad and Partner Pay
- Double Orphan Pension
- Family Tax Benefit
- Low Income Health Care Card
- Parental Leave Pay
- Special Benefit
- Stillborn Baby Payment।

ਵਧੇਰੇ ਜਾਣਕਾਰੀ ਲਈ **servicesaustralia.gov.au/visaholders** ਉੱਤੇ ਜਾਓ

## ਆਮਦਨ ਦੀ ਰਿਪੋਰਟ ਕਰਨੀ

ਜਦੋਂ ਅਸੀਂ ਆਮਦਨ ਸਹਾਇਤਾ ਵਾਸਤੇ ਤੁਹਾਡੇ ਦਾਅਵੇ ਨੂੰ ਮਨਜ਼ੂਰ ਕਰਦੇ ਹਾਂ, ਤਾਂ ਤੁਹਾਨੂੰ ਸਾਨੂੰ ਆਪਣੀ ਅਤੇ ਆਪਣੇ ਸਾਥੀ ਦੀ ਆਮਦਨ ਬਾਰੇ ਦੱਸਣਾ ਚਾਹੀਦਾ ਹੈ। ਜਦੋਂ ਤੱਕ ਤੁਸੀਂ ਅਜਿਹਾ ਨਹੀਂ ਕਰਦੇ, ਅਸੀਂ ਤੁਹਾਡਾ ਪਹਿਲਾ ਭੁਗਤਾਨ ਨਹੀਂ ਕਰ ਸਕਦੇ।

ਤੁਹਾਨੂੰ ਹਰ ਪੰਦਰਵਾੜੇ ਵਿੱਚ ਆਪਣੇ ਅਤੇ ਆਪਣੇ ਸਾਥੀ ਦੀ ਆਮਦਨ ਦੀ ਰਿਪੋਰਟ ਵੀ ਸਾਡੇ ਕੋਲ ਕਰਨੀ ਚਾਹੀਦੀ ਹੈ, ਭਾਂਵੇਂ ਕਿ ਇਹ $0 ਹੋਵੇ।

ਇਹ ਇਸ ਲਈ ਹੈ ਤਾਂ ਜੋ ਅਸੀਂ ਤੁਹਾਨੂੰ ਸਹੀ ਰਕਮ ਅਦਾ ਕਰ ਸਕੀਏ।

ਵਧੇਰੇ ਜਾਣਕਾਰੀ ਲਈ **servicesaustralia.gov.au/incomereporting** ਉੱਤੇ ਜਾਓ

## Mutual obligation requirements

ਭੁਗਤਾਨ ਪ੍ਰਾਪਤ ਕਰਦੇ ਰਹਿਣ ਲਈ ਤੁਹਾਨੂੰ ਕੁਝ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ। ਅਸੀਂ ਇਹਨਾਂ ਨੂੰ ਆਪਸੀ ਜ਼ਿੰਮੇਵਾਰੀ ਜਾਂ ਹਿੱਸੇਦਾਰੀ ਦੀਆਂ ਲੋੜਾਂ ਕਹਿੰਦੇ ਹਾਂ। ਜੇ ਤੁਹਾਨੂੰ ਇਹਨਾਂ ਭੁਗਤਾਨਾਂ ਵਿੱਚੋਂ ਇਕ ਮਿਲ ਰਿਹਾ ਹੈ, ਤਾਂ ਤੁਹਾਡੇ ਕੋਲ ਇਹ ਹੋ ਸਕਦੀਆਂ ਹਨ:

- JobSeeker Payment
- Parenting Payment
- Special Benefit
- Youth Allowance as a job seeker।

ਤਾਜ਼ਾ ਜਾਣਕਾਰੀ ਵਾਸਤੇ **servicesaustralia.gov.au/mutualobligation** ਉੱਤੇ ਜਾਓ ਜਾਂ ਆਪਣੇ myGov ਖਾਤੇ ਉੱਤੇ ਜਾਓ।

# ਹੋਰ ਸਹਾਇਤਾ ਸੇਵਾਵਾਂ ਜੋ ਤੁਹਾਡੀ ਮਦਦ ਕਰ ਸਕਦੀਆਂ ਹਨ

### Payment and Service Finder

ਆਪਣੇ ਸਥਾਨਕ ਖੇਤਰ ਵਿੱਚ ਸਹਾਇਤਾ ਸੇਵਾਵਾਂ ਲੱਭਣ ਲਈ, Payment and Service Finder ਦੀ ਵਰਤੋਂ ਕਰੋ। ਇਸ ਵਿੱਚ ਸਲਾਹ-ਮਸ਼ਵਰਾ ਅਤੇ ਮਾਨਸਿਕ ਸਿਹਤ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।
ਵਧੇਰੇ ਜਾਣਕਾਰੀ ਲਈ **servicesaustralia.gov.au/servicefinder** ਉੱਤੇ ਜਾਓ

### ਪਰਿਵਾਰਕ ਅਤੇ ਘਰੇਲੂ ਹਿੰਸਾ

ਜੇ ਤੁਸੀਂ ਪਰਿਵਾਰ ਅਤੇ ਘਰੇਲੂ ਹਿੰਸਾ ਤੋਂ ਪ੍ਰਭਾਵਤ ਹੋ, ਤਾਂ ਅਸੀਂ ਮਦਦ ਕਰ ਸਕਦੇ ਹਾਂ। ਅਸੀਂ ਜਾਣਕਾਰੀ, ਸਹਾਇਤਾ ਅਤੇ ਸਿਫਾਰਸ਼ਾਂ ਪ੍ਰਦਾਨ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ **servicesaustralia.gov.au/domesticviolence** ਉੱਤੇ ਜਾਓ।

### ਸਮਾਜਕ ਕਾਰਜ ਸੇਵਾਵਾਂ

ਸਾਡੇ ਸਮਾਜ ਸੇਵਕ, ਥੋੜ੍ਹੀ-ਮਿਆਦ ਲਈ ਸਲਾਹ-ਮਸ਼ਵਰਾ, ਜਾਣਕਾਰੀ ਅਤੇ ਸੇਵਾਵਾਂ ਦੀ ਸਹਾਇਤਾ ਕਰਨ ਲਈ ਸਿਫਾਰਸ਼ਾਂ ਨਾਲ ਲੋਕਾਂ ਦੀ ਮਦਦ ਕਰਦੇ ਹਨ।
ਵਧੇਰੇ ਜਾਣਕਾਰੀ ਲਈ **servicesaustralia.gov.au/socialwork** ਉੱਤੇ ਜਾਓ

### Financial Information Service

ਵਿੱਤੀ ਮਾਮਲਿਆਂ ਵਿੱਚ ਤੁਹਾਡੀ ਮਦਦ ਕਰਨ ਲਈ ਇਕ ਮੁਫ਼ਤ ਸੇਵਾ। ਇਸ ਸੇਵਾ ਤੱਕ ਪਹੁੰਚ ਕਰਨ ਲਈ ਤੁਹਾਨੂੰ ਗਾਹਕ ਬਣਨ ਦੀ ਲੋੜ ਨਹੀਂ ਹੈ।
ਵਧੇਰੇ ਜਾਣਕਾਰੀ ਲਈ **servicesaustralia.gov.au/fis** ਉੱਤੇ ਜਾਓ

# ਵਧੇਰੇ ਜਾਣਕਾਰੀ ਵਾਸਤੇ

- ਆਪਣੀ ਬਕਾਇਦਾ ਭੁਗਤਾਨ ਲਾਈਨ ਉੱਤੇ ਫੋਨ ਕਰੋ, ਅਤੇ ਸਾਨੂੰ ਦੱਸੋ ਕਿ ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ। ਅਸੀਂ ਇਸ ਦਾ ਮੁਫ਼ਤ ਵਿੱਚ ਪ੍ਰਬੰਧ ਕਰਾਂਗੇ। ਸਾਡੇ ਫ਼ੋਨ ਨੰਬਰਾਂ ਦੀ ਸੂਚੀ ਵਾਸਤੇ, **servicesaustralia.gov.au/phoneus** ਉੱਤੇ ਜਾਓ।
- Centrelink ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ 131 202 ਉੱਤੇ ਫੋਨ ਕਰੋ।
- Medicare ਵਾਸਤੇ 132 011 ਅਤੇ Child Support ਵਾਸਤੇ 131 272 ਉੱਤੇ ਫੋਨ ਕਰੋ। ਸਾਨੂੰ ਦੱਸੋ ਕਿ ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਅਤੇ ਅਸੀਂ ਇਕ ਦਾ ਮੁਫ਼ਤ ਵਿੱਚ ਪ੍ਰਬੰਧ ਕਰਾਂਗੇ।
- ਅੰਗਰੇਜ਼ੀ ਵਿੱਚ ਵਧੇਰੇ ਜਾਣਕਾਰੀ ਲਈ **servicesaustralia.gov.au/covid19** ਉੱਤੇ ਜਾਓ।
- **servicesaustralia.gov.au/yourlanguage** ਉੱਤੇ ਜਾਓ ਜਿੱਥੇ ਤੁਸੀਂ ਆਪਣੀ ਭਾਸ਼ਾ ਵਿੱਚ ਪੜ੍ਹ ਸਕਦੇ ਹੋ, ਸੁਣ ਸਕਦੇ ਹੋ ਜਾਂ ਜਾਣਕਾਰੀ ਵੇਖ ਸਕਦੇ ਹੋ।

- ਕੁਝ ਭਾਸ਼ਾਵਾਂ ਵਿੱਚ ਔਨਲਾਈਨ ਸੇਵਾਵਾਂ ਬਨਾਉਣ ਅਤੇ ਜੋੜਨ ਵਿੱਚ ਮਦਦ ਲਈ **servicesaustralia.gov.au/mygovguides** ਉੱਤੇ ਜਾਓ।

ਤੁਹਾਡਾ ਫ਼ੋਨ ਪ੍ਰਦਾਤਾ, ਤੁਹਾਡੇ ਘਰ ਦੇ ਫ਼ੋਨ ਤੋਂ '13' ਨੰਬਰਾਂ ਨੂੰ ਫੋਨ ਕਾਲਾਂ ਵਾਸਤੇ ਇਕ ਨਿਸ਼ਚਿਤ ਦਰ ਉੱਤੇ ਫ਼ੀਸ ਲੈ ਸਕਦਾ ਹੈ। ਇਹ ਆਸਟ੍ਰੇਲੀਆ ਵਿੱਚ ਕਿਧਰੋਂ ਵੀ ਹੈ, ਅਤੇ ਦਰ ਤੁਹਾਡੇ ਫ਼ੋਨ ਪ੍ਰਦਾਤੇ ਦੇ ਆਧਾਰ ਤੇ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਘਰ ਦੇ ਫ਼ੋਨ ਤੋਂ '1800' ਨੰਬਰਾਂ ਉੱਤੇ ਕੀਤੀਆਂ ਫ਼ੋਨ ਕਾਲਾਂ ਮੁਫਤ ਹਨ। ਜੇ ਤੁਸੀਂ ਕਿਸੇ ਜਨਤਕ ਜਾਂ ਮੋਬਾਈਲ ਫ਼ੋਨ ਤੋਂ ਫੋਨ ਕਰਦੇ ਹੋ ਤਾਂ ਫ਼ੋਨ ਪ੍ਰਦਾਤਾ ਤੁਹਾਡੀ ਕਾਲ ਦਾ ਸਮਾਂ ਮਾਪ ਸਕਦੇ ਹਨ ਅਤੇ ਉੱਚੀ ਦਰ ਵਸੂਲ ਸਕਦੇ ਹਨ।

ਬੇਦਾਅਵਾ

ਇਸ ਪ੍ਰਕਾਸ਼ਨ ਵਿੱਚ ਸ਼ਾਮਲ ਜਾਣਕਾਰੀ ਕੇਵਲ ਭੁਗਤਾਨਾਂ ਅਤੇ ਸੇਵਾਵਾਂ ਲਈ ਇਕ ਗਾਈਡ ਹੈ, ਅਤੇ 6 ਅਕਤੂਬਰ 2021 ਤੱਕ ਸਹੀ ਹੈ। ਕਿਰਪਾ ਕਰਕੇ ਸਭ ਤੋਂ ਵਰਤਮਾਨ ਜਾਣਕਾਰੀ ਵਾਸਤੇ ਸਾਡੀ ਵੈੱਬਸਾਈਟ ਦੀ ਜਾਂਚ ਕਰੋ। ਇਹ ਫੈਸਲਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਕੀ ਤੁਸੀਂ ਆਪਣੇ ਵਿਸ਼ੇਸ਼ ਹਾਲਾਤਾਂ ਦੇ ਆਧਾਰ ਉੱਤੇ ਭੁਗਤਾਨ ਲਈ ਅਰਜ਼ੀ ਦੇਣਾ ਚਾਹੁੰਦੇ ਹੋ।

Australian Government
Services Australia

# If you are affected by coronavirus (COVID-19)

We have payments that may help you if you or your family are affected by coronavirus. You can use our payment guide to check which payment is right for you. Go to **servicesaustralia.gov.au/covid19**

You can claim most payments online. To claim online, you need a myGov account linked to Centrelink.

If you don't have a myGov account, go to **my.gov.au** to create one.

For help setting up your myGov account, go to **servicesaustralia.gov.au/mygovguides**

## COVID-19 Disaster Payment

This is a payment to help people who are unable to work and earn income due to a COVID-19 state or territory public health order. This may involve a lockdown, hotspot or movement restrictions.

Automatic payments will stop when 70% of people aged 16 or older in your state or territory are fully vaccinated with 2 doses of a COVID-19 vaccine.

If you are still affected by movement restrictions, you will need to reapply for the payment each week so we know you remain eligible.

After your state or territory reaches 80% fully vaccinated, the payment will reduce over 2 weeks, if you remain eligible.

How much you get will depend on your situation. Before claiming, check if you are eligible.

Australian residents must claim online, it is the quickest and simplest way. Eligible working visa holders must call the Emergency information line on **180 22 66**.

For more information go to **servicesaustralia.gov.au/covid19disasterpayment**

## Pandemic Leave Disaster Payment

A lump sum payment to help if you cannot earn an income because:

- you are told to self-isolate or quarantine due to COVID-19
- you are caring for someone who has COVID-19.

If eligible, you will get $1500 for each 14 day period you self-isolate, quarantine or care for someone who has COVID-19.

For more information go to **servicesaustralia.gov.au/pandemicleavedisasterpayment**

## Income support payment

If you need financial help, you may be able to get income support payments such as:

- JobSeeker Payment, if you’re between 22 and Age Pension age and looking for work
- Youth Allowance, if you’re 24 or younger and a student or Australian apprentice, or 21 or younger and looking for work
- Parenting Payment, if you’re the main carer of a young child.

If you are in need of financial support, you can test your eligibility for an income support payment. Use our COVID-19 payment guide to see what you may be able to get.
For more information go to **servicesaustralia.gov.au/jobseekers**

## Special Benefit

If you cannot get any other income support payment from us, and you are in financial hardship you may get Special Benefit.

You'll need to meet some rules. For more information go to **servicesaustralia.gov.au/specialbenefit**

## Crisis Payment—National Health Emergency

Crisis Payment is a one off payment. You may qualify for Crisis Payment if you meet all of the following:

- be in severe financial hardship for Crisis Payment
- get, or, be eligible for an income support payment or ABSTUDY Living Allowance
- be experiencing an extreme circumstance
- be in Australia when you lodge your claim
- you or someone you care for needs to quarantine or self-isolate due to COVID-19.

You'll also need to meet other eligibility rules based on the type of Crisis Payment you claim. For more information go to **servicesaustralia.gov.au/crisispayment**

## Child Care Subsidy and Additional Child Care Subsidy

If your child cannot attend child care because of COVID-19, you should talk to your child care service.

You can get Child Care Subsidy for up to 42 allowable absences per child each year for any reason.

You can access additional absences if you live in, or your child care service is in an area that is a Commonwealth declared COVID-19 hotspot. You can only access these absences if a COVID-19 hotspot declaration is in place for more than 7 days. You will not have to use your regular 42 allowable absences. You do not need to do anything to get these absences. If you are eligible, they will apply automatically.

Visit the Department of Health website for a list of current hotspots.

### Updating your activity hours

The number of hours of Child Care Subsidy you can get each fortnight depends on the hours of activity you and your partner do. If your hours of recognised activity have changed, make sure you update this.

For more information go to **servicesaustralia.gov.au/childcaresubsidy**

## Parental Leave Pay and Dad and Partner Pay

To get Parental Leave Pay or Dad and Partner Pay you need to meet a work test.

If COVID-19 affected your work, you may have gotten JobKeeper Payment or the COVID-19 Disaster Payment. These payments both count as work for the work test.

For more information about Parental Leave Pay go to **servicesaustralia.gov.au/parentalleavepayworktestexceptions**

For more information about Dad and Partner Pay go to **servicesaustralia.gov.au/dadpartnerpayworktestexceptions**

## Temporary visa subclass holders

We have payments, services and information to support you if you are living in Australia with an eligible visa.

Temporary visa subclasses 060, 070, 309, 449, 785, 786, 790 and 820 may be eligible for:

- Child Care Subsidy
- Crisis Payment
- Dad and Partner Pay
- Double Orphan Pension
- Family Tax Benefit
- Low Income Health Care Card
- Parental Leave Pay
- Special Benefit
- Stillborn Baby Payment.

For more information go to **servicesaustralia.gov.au/visaholders**

## Income reporting

When we approve your claim for income support, you must tell us your and your partner's income. We cannot make your first payment until you do.

You must also report your and your partner's income to us each fortnight, even if it is $0.

This is so we can pay you the right amount.

For more information go to **servicesaustralia.gov.au/incomereporting**

## Mutual obligation requirements

There are things you must do to keep getting a payment. We call these mutual obligation or participation requirements. You may have them if you are getting one of these payments:

- JobSeeker Payment
- Parenting Payment
- Special Benefit
- Youth Allowance as a job seeker.

Go to **servicesaustralia.gov.au/mutualobligation** or your myGov account for updates.

## Other support services that can help you

### Payment and Service Finder

Use the Payment and Service Finder to find support services in your local area. This can include counselling and mental health services.

For more information go to **servicesaustralia.gov.au/servicefinder**

### Family and domestic violence

If you are affected by family and domestic violence, we can help. We provide information, support and referrals.

For more information go to **servicesaustralia.gov.au/domesticviolence**

### Social work services

Our social workers help people with short-term counselling, information and referrals to support services.

For more information go to **servicesaustralia.gov.au/socialwork**

### Financial Information Service

A free service to help you with financial matters. You do not need to be a customer to access this service.

For more information go to **servicesaustralia.gov.au/fis**

# For more information

- Call your regular payment line and let us know if you need an interpreter. We will arrange one for free. For a list of our phone numbers, go to **servicesaustralia.gov.au/phoneus**
- Call **131 202** to speak with us in your language about Centrelink payments and services.
- Call **132 011** for Medicare and **131 272** for Child Support. Let us know if you need an interpreter, and we'll arrange one for free.
- Go to **servicesaustralia.gov.au/covid19** for more information in English.
- Go to **servicesaustralia.gov.au/yourlanguage** where you can read, listen to or watch information in your language.
- Go to **servicesaustralia.gov.au/mygovguides** for help with creating and linking online services, in some languages.

Your phone provider may charge you a fixed rate for calls from your home phone to '13' numbers. This is from anywhere in Australia and the rate may vary depending on your phone provider. Calls to '1800' numbers from your home phone are free. Phone providers may time your call and charge a higher rate if you call from a public or mobile phone.

Disclaimer

The information contained in this publication is a guide to payments and services only, and is correct as of 6 October 2021. Please check our website for the most current information. It is your responsibility to decide if you wish to apply for a payment based on your particular circumstances.